**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,**
**ਐਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ।**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ),(ਸੈ.ਸਿ)
ਪੰਜਾਬ

ਮੀਮੋ ਨੰ:5/274-2010/SSA/CW/75734-73
ਮਿਤੀ:ਚੰਡੀਗੜ੍ਹ, 15-12-2010

**ਵਿਸ਼ਾ:-** **ਸਾਲ 2010-11 ਦੌਰਾਨ ਜਾਂ ਇਸ ਤੋ ਪਹਿਲਾਂ ਸਰਵ ਸਿੱਖਿਆ ਅਭਿਆਨ ਅਧੀਨ ਜਾਰੀ ਕੀਤੀ ਗਈ ਰਿਪੇਅਰ ਤੇ ਮੇਂਨਟੇਨੈਂਸ ਗ੍ਰਾਂਟ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਮਿਤੀ 26/11/10 ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਪੰਜਾਬ ਦੀ ਮੁੱਖ ਦਫ਼ਤਰ ਸਰਵ ਸਿੱਖਿਆ ਅਭਿਆਨ ਵਿਖੇ ਹੋਈ ਰਿਵਿਊ ਮੀਟਿੰਗ ਦੌਰਾਨ ਇਹ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਫਿਰੋਜਪੁਰ,ਮੋਗਾ, ਸੰਗਰੂਰ ਅਤੇ ਤਰਨ ਤਾਰਨ ਵਿੱਚ ਸਾਲ 2010-11 ਦੌਰਾਨ ਜਾਰੀ ਕੀਤੀ ਗਈ ਰਿਪੇਅਰ ਤੇ ਮੇਂਨਟੇਨੈਂਸ ਗ੍ਰਾਂਟ ਅਜੇ ਤੱਕ ਬਲਾਕ ਲੈਵਲ ਤੇ ਅਣਵਰਤੀ ਪਈ ਹੈ।ਸੰਬਧਿਤ ਜ਼ਿਲ੍ਹਾ ਪ੍ਰੋਜੈਕਟ ਦਫ਼ਤਰਾਂ ਤੋਂ ਇੱਕਤਰ ਕੀਤੀ ਸੂਚਨਾ ਦੇ ਅਨੁਸਾਰ ਇਹ ਗ੍ਰਾਂਟ ਜਾਂ ਤਾਂ ਕੁਝ ਬੰਦ ਪਏ ਸਕੂਲਾਂ ਕਰਕੇ ਜਾਂ ਕਿਸੇ ਹੋਰ ਕਾਰਨ ਕਰਕੇ ਬਲਾਕ ਲੈਵਲ ਤੇ ਅਣਵਰਤੀ ਪਈ ਹੈ।

3.0 ਇਹ ਆਮ ਤੌਰ ਤੇ ਦੇਖਣ ਵਿੱਚ ਆਉਂਦਾ ਹੈ ਕਿ ਸਕੂਲਾਂ ਵਿੱਚ ਪਖਾਨਿਆਂ ਦੀ ਹਾਲਤ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਜਾ ਰਿਹਾ, ਜੋ ਕਿ ਸਕੂਲ ਦੀ ਮੁੱਢਲੀ ਲੋੜ ਹਨ। ਇਸ ਲਈ ਇਹ ਫੈਸਲਾ ਲਿਆ ਗਿਆ ਹੈ, ਕਿ ਜਿਸ ਜਿਲੇ ਦੇ ਜਿਸ ਬਲਾਕ ਵਿੱਚ ਰਿਪੇਅਰ ਤੇ ਮੇਂਨਟੇਨੈਂਸ ਗ੍ਰਾਂਟ ਦੀ ਰਾਸ਼ੀ ਅਣਵਰਤੀ ਪਈ ਹੈ, ਉਸ ਦੀ ਵਰਤੋਂ ਉਸ ਬਲਾਕ ਦੇ ਸਕੂਲਾਂ ਦੇ ਪਖਾਨਿਆਂ, ਖਾਸ ਕਰਕੇ ਲੜਕੀਆਂ ਦੇ ਪਖਾਨਿਆਂ ਲਈ, ਜਿਥੇ ਕਿਤੇ ਥੋੜੀ ਬਹੁਤ ਮੁੰਰਮਤ ਦੀ ਲੋੜ ਹੋਏ, ਕਰਵਾ ਦਿੱਤੀ ਜਾਵੇ।

4.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ),(ਸੈ.ਸਿ) ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ-ਆਪਣੇ ਜ਼ਿਲ੍ਹੇ ਵਿੱਚ ਚੱਲ ਰਹੇ ਸਾਰੇ ਸਰਕਾਰੀ ਸਕੂਲਾਂ ਵਿੱਚ ਪਖਾਨਿਆਂ, ਖਾਸ ਕਰਕੇ ਲੜਕੀਆਂ ਦੇ ਪਖਾਨਿਆਂ ਦੇ ਰੱਖ-ਰਖਾਵ ਅਤੇ ਸਫਾਈ ਵੱਲ ਵਿਸ਼ੇਸ਼ ਤਵੱਜੋ ਦੇਣ ਅਤੇ ਇਸ ਮੰਤਵ ਲਈ ਲੋੜੀਦਾ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਜਾਰੀ ਕੀਤੀ ਜਾਣ ਵਾਲੀ ਰਿਪੇਅਰ ਤੇ ਮੇਂਨਟੇਨੈਂਸ ਗ੍ਰਾਂਟ ਅਤੇ ਸਕੂਲ ਗ੍ਰਾਂਟ ਵਿੱਚੋ ਕਰ ਲਿਆ ਜਾਵੇ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

**ਪਿੱਠ ਅੰਕਣ** ਨੰ: 5/274-2010/SSA/CW/75774-93 **ਮਿਤੀ:ਚੰਡੀਗੜ੍ਹ** 15-12-10

ਉਤਾਰਾ ਸਮੂਹ ਡਿਪਟੀ ਕਮਿਸ਼ਨਰ ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**